# ਸੰਵਿਧਾਨ

§੧ **ਨਾਂਮ** :– ਸ੍ਰੀ ਗੁਰੂ ਸਿੰਘ ਸਭਾ ਕੋਪਨਹੈਗਨ ( ਡੈਨਮਾਰਕ )

§੨ **ਐਡਰੈਸ** :–Kirkebjerg allé 35A , 2720 Vanløse , Denmark

§੩ **ਨਿਸ਼ਾਨਾ** :–ਸ੍ਰੀ ਗੁਰੂ ਸਿੰਘ ਸਭਾ ਇੱਕ ਧਾਰਮਿਕ , ਸਭਿਅਕ , ਦਾਨਯੋਗ ਅਤੇ ਮੁਨਾਫ਼ਾ ਰਹਿਤ ਸੰਸਥਾ ਹੈ ਜੋ ਕਿਸੇ ਨਸਲ ਰੰਗ , ਧਾਰਮਿਕ ਭਿੰਨਤਾ , ਦੇਸ਼ , ਲਿੰਗ ਅਤੇ ਜ਼ਾਤ ਨੂੰ ਘਿਰਣਾਂ ਨਹੀ ਕਰਦੀ । ਸਿੱਖ ਧਰਮ ਦੇ ਵਿਕਾਸ ਅਤੇ ਇਸ ਦੀ ਪਾਲਣਾ ਵਾਸਤੇ ਇਸ ਸੰਸਥਾ ਦੀ ਸਥਾਪਨਾ ਕੀਤੀ ਗਈ ਹੈ ।

ਇਹ ਸੰਸਥਾ ਸਿੱਖ ਧਰਮ ਦੀ ਪ੍ਰਫੁੱਲਤਾ ਅਤੇ ਮਨੁੱਖੀ ਸਾਂਝ ਵਾਸਤੇ ਹੇਠ ਲਿਖੇ ਕੰਮ ਕਰੇਗੀ ।

ੳ ) ਧਾਰਮਿਕ ਅਤੇ ਸਮਾਜਿਕ ਇਕੱਤਰਤਾਵਾਂ ਕਰਨੀਆਂ । ਜਿਸ ਨਾਲ ਸਿੱਖ ਧਰਮ ਦਾ ਵਿਕਾਸ ਅਤੇ ਪਾਲਣਾ ਹੋ ਸਕੇ ।

ਅ ) ਗੁਰਪੁਰਬ ਦਿਹਾੜਿਆਂ ਦਾ ਪ੍ਰਬੰਧ ਕਰਨਾ । ਤੀਰਥ ਜਾਂ ਹੋਰ ਯਾਤਰਾਵਾਂ ਦਾ ਪ੍ਰਬੰਧ ਕਰਨਾ । ਜਿਨ੍ਹਾਂ ਨਾਲ ਧਾਰਮਿਕ, ਸਭਿਅਕ ਅਤੇ ਸਮਾਜਿਕ ਲੋੜਾਂ ਪੂਰੀਆਂ ਹੋ ਸਕਣ ।

ੲ ) ਗੁਰਮੁਖੀ ਵਿਦਿਆ ਪੜ੍ਹਾਉਣ ਦਾ ਪ੍ਰਬੰਧ ਕਰਨਾ । ਖਾਸ ਕਰਕੇ ਛੋਟੇ ਬੱਚਿਆਂ ਦੇ ਬੁਨਿਆਦੀ ਅਸੂਲਾਂ ਨੂੰ ਅਪਨਾਉਣ ਵਿਚ ਸਹਾਇਤਾ ਕਰਨੀ ਤਾਂ ਕਿ ਉਹ ਆਪਣਾ ਪਛੋਕੜ ਸਮਝ ਸਕਣ ।

ਸ ) ਧਾਰਮਿਕ ਅਤੇ ਸਭਿਆਚਾਰਕ ਕਿਤਾਬਾਂ ਦੀ ਲਾਇਬਰੇਰੀ ਸਥਾਪਤ ਕਰਨੀ ।

ਹ ) ਸਿੱਖ ਅਤੇ ਹੋਰ ਫਿਰਕਿਆਂ ਨਾਲ ਦੋਸਤੀ ਅਤੇ ਸਾਂਝ ਵਧਾਉਣੀ ।

ਕ ) ਸਿੱਖ ਧਰਮ ਦੀ ਪ੍ਰਫੁੱਲਤਾ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਦਾਨ ਇਕੱਤਰ ਕਰਨਾ ਅਤੇ ਸਹਾਇਤਾ ਕਰਨੀ ।

ਖ ) ਸਿੱਖ ਧਰਮ ਦੀ ਪ੍ਰਫੁੱਲਤਾ ਵਾਸਤੇ ਲਿਟਰੇਚਰ ਤਿਆਰ ਕਰਨਾ ।

ਗ ) ਲੋੜ ਅਨੁਸਾਰ ਲੋੜਵੰਦਾਂ ਦੀ ਸਮਾਜਿਕ ਅਤੇ ਮਾਇਕ ਸਹਾਇਤਾ ਕਰਨੀ ਅਤੇ ਸਬੰਧਤ ਮਹਿਕਮਿਆਂ ਨਾਲ ਤਾਲ ਮੇਲ ਕਰਨਾ ।

ਘ ) ਸਮਾਜਿਕ ਰਸਮਾਂ , ਵਿਆਹ , ਬੱਚਿਆਂ ਦੇ ਨਾਂਮ ਰੱਖਣੇ ਆਦਿ ਰਸਮਾਂ ਕਰਨੀਆਂ ।

## §੪ ਗੁਰਦੁਆਰਾ ਸਾਹਿਬ ਦਾ ਪ੍ਰਬੰਧ :–

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਵਾਸਤੇ ਪੰਜ (੫) ਸੇਵਾਦਾਰਾਂ ਦੀ ਇਕ ਕਾਰਜਕਰਨੀ ਹੋਵੇਗੀ । ਇਨ੍ਹਾਂ ਸੇਵਾਦਾਰਾਂ ਨੂੰ ਕੋਈ ਕਿਸੇ ਕਿਸਮ ਦੀ ਵੀ ਤਨਖਾਹ ਨਹੀ ਮਿਲੇਗੀ । ਪ੍ਰਬੰਧਕ ਸੇਵਾਦਾਰਾਂ ਦੀ ਚੋਣ ਨਹੀ ਨਿਯੁਕਤੀ ਹੋਵੇਗੀ । ਨਿਯੁਕਤੀ

ਵਿਸਾਖੀ ਤੋ ਪਹਿਲਾਂ ਹੋਵੇਗੀ। ਅਤੇ ਵਿਸਾਖੀ ਵਾਲੇ ਪ੍ਰੋਗਰਾਮ ਤੇ ਨਵੇ ਸੇਵਾਦਾਰਾਂ ਦੀ ਕਾਰਜਕਰਨੀ ਦੀ ਪਹਿਚਾਣ ਕਰਾਈ ਜਾਵੇਗੀ। ਨਵੇ ਸੇਵਾਦਾਰ ਉਸ ਵਿਸਾਖੀ ਤੋਂ ਬਾਅਦ ਇਕ ਮਹੀਨੇ ਦੇ ਅੰਦਰ ਅੰਦਰ ਸੇਵਾ ਸੰਭਾਲ ਲੈਣਗੇ। ਇਨ੍ਹਾਂ ਦੇ ਜ਼ੁਮੇ ਇਹ ਕੰਮ ਹੋਣਗੇ।

ੳ ) ਗੁਰਦੁਆਰਾ ਸਾਹਿਬ ਦਾ ਪੂਰਾ ਪ੍ਰਬੰਧ ਕਰਨਾ।
ਅ ) ਸਿੱਖ ਗੁਰੂ ਸਾਹਿਬਾਨ ਜੀ ਦੇ ਉਪਦੇਸ਼ਾਂ ਅਤੇ ਬਾਣੀ ਦਾ ਪ੍ਰਚਾਰ ਕਰਨਾ।
ੲ ) ਬਜ਼ਟ ਬਣਾਉਣੇ ਆਮਦਨ ਅਤੇ ਖ਼ਰਚ ਦੇ ਵੇਰਵੇ ਤਿਆਰ ਕਰਨੇ।
ਸ ) ਗੁਰਪੁਰਬਾਂ , ਦੀਵਾਨਾਂ ਅਤੇ ਸਤਿਸੰਗਾਂ ਦਾ ਪ੍ਰਬੰਧ ਕਰਨਾ।
ਹ ) ਲਾਇਬਰੇਰੀ ਦੀ ਸੰਭਾਲ ਕਰਨਾ।
ਕ ) ਚਿੱਠੀ ਪੱਤਰ ਕਰਨੇ।
ਖ ) ਦਾਨ ਇਕੱਤਰ ਕਰਨਾ।
ਗ ) ਸਿੱਖ ਵਿਆਹ ( ਅਨੰਦ ਕਾਰਜ ) ਅਤੇ ਹੋਰ ਧਾਰਮਿਕ ਅਤੇ ਸਮਾਜਿਕ ਰਸਮਾਂ ਦਾ ਦਾ ਪ੍ਰਬੰਧ ਕਰਨਾ।
ਘ ) ਬੱਚਿਆਂ ਵਾਸਤੇ ਗੁਰਮੁਖੀ ਵਿਦਿਆ ਦਾ ਪ੍ਰਬੰਧ ਕਰਨਾ।
ਙ ) ਸਮੇਂ ਸਮੇਂ ਸਿਰ ਸੰਗਤਾਂ ਨੂੰ ਸੂਚਨਾਂਵਾਂ ਭੇਜਣੀਆਂ।
ਚ ) ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਰੀਪੇਅਰ ਅਤੇ ਸੰਭਾਲ ਕਰਨਾ।

## §੫ ਕਾਰਜਕਰਨੀ ਦੇ ਸੇਵਾਦਾਰਾਂ ਦੀ ਬਣਤਰ :-

ਸਾਰੇ ਸੇਵਾਦਾਰ ਇਕ ਸਮਾਨ ਹੋਣਗੇ ਰਲਕੇ ਸਾਰੀਆਂ ਜੁਮੇਵਾਰੀਆ ਨਿਭਾਉਂਣਗੇ ਤੇ ਜੁਮੇਵਾਰੀਆਂ ਲਗਾਉਂਣਗੇ। ਸਾਰੇ ਸੇਵਾਦਾਰਾਂ ਦੀ ਮਿਆਦ ੨ ਸਾਲ ਹੋਵੇਗੀ।

ੳ ) ਸਟੇਜ਼ ਦਾ ਪ੍ਰਬੰਧ।
ਅ ) ਖਜ਼ਾਨਚੀ।
ੲ ) ਇਨਫਰਮੇਸ਼ਨ ਅਤੇ ਲਾਇਬ੍ਰੇਰੀ ਦੀ ਸੰਭਾਲ।
ਸ ) ਲੰਗਰ ਦਾ ਪ੍ਰਬੰਧ।
ਹ ) ਇਮਾਰਤ ਦਾ ਪ੍ਰਬੰਧ।

ਮੁਖ ਸੇਵਾਂਵਾਂ ਜਿਵੇਂ ਲੰਗਰ , ਲਇਬਰੇਰੀ , ਹਿਸਾਬ ਕਿਤਾਬ , ਸਟੇਜ਼ , ਇਨਫਰਮੇਸ਼ਨ , ਇਮਾਰਤ ਦਾ ਕੰਮ ਆਦਿ ਸੇਵਾ ਵਾਸਤੇ ਸੰਗਤ ਵਿਚੋਂ ਸਹਾਇਕ ਸੇਵਾਦਾਰ ਲੈ ਸਕਦੇ ਹਨ।
ਚੈਕ ਤੇ ਦਸਖਤ ਕਰਨ ਵਾਸਤੇ ੫ ਸੇਵਾਦਾਰਾਂ ਨੂੰ ਅਧਿਕਾਰ ਹੋਵੇਗਾ ਜਿਨ੍ਹਾਂ ਵਿਚੋ ਕੋਈ ੩ ਸੇਵਾਦਾਰਾਂ ਦੇ ਦਸਖਤ ਹੋਣ ਤੇ ਚੈਕ ਪਾਸ ਹੋਵੇਗਾ।
ਸਾਰੇ ਸੇਵਾਦਾਰ ਪੰਥਕ ਵਿਚਾਰਧਾਰਾ ਵਾਲੇ ਹੋਣਗੇ। ਹੋਰ ਵਿਚਾਰਧਾਰਾ ਵਾਲੇ ਇਸ

ਕਾਰਜਕਰਨੀ ਵਿਚ ਨਹੀਂ ਆ ਸਕਦੇ। ਸਾਬਤ ਸੂਰਤ ਹੋਣੇ ਚਾਹੀਦੇ ਹਨ। ਸਿੱਖੀ ਰਹਿਤ ਦੇ ਪ੍ਰਪੱਕ ਅਤੇ ਛੇਤੀ ਤੋ ਛੇਤੀ ਅਮ੍ਰਿਤ ਦੇ ਧਾਰਨੀ ਹੋਣਗੇ ਅਤੇ ਗੁਰੂ ਦੇ ਲੜ ਲਗਣਗੇ।

## §੬ ਮੈਂਬਰ ਬਣਨ ਦੀਆਂ ਅਤੇ ਬਣੇ ਰਹਿਣ ਦੀਆਂ ਸ਼ਰਤਾਂ :–

ੳ ) ਸੰਸਥਾ ਦਾ ਮੈਂਬਰ ਬਨਣ ਵਾਸਤੇ ਫ਼ਾਰਮ ਭਰਨਾ ਪਵੇਗਾ ਅਤੇ ਉਹ ਫ਼ਾਰਮ ਪ੍ਰਬੰਧਕ ਸੇਵਾਦਾਰਾਂ ਨੂੰ ਦਿਤਾ ਜਾਵੇਗਾ।

ਅ ) ਦਸ ਗੁਰੂ ਸਹਿਬਾਨਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲਾ ਮੈਂਬਰ ਬਣ ਸਕਦਾ ਹੈ।

ੲ ) ਰਾਧਾਸਵਾਮੀ , ਨਕਲੀ ਨਿਰੰਕਾਰੀ , (ਨਰਕ ਧਾਰੀਏ ) ਨਾਮ–ਧਾਰੀਏ, ਮੀਣੇ ਮਸੰਦੀਏ ਧੀਰ–ਮੱਲੀਏ ਅਤੇ ਹੋਰ ਦੇਹਧਾਰੀ ਨੂੰ ਗੁਰੂ ਮੰਨਣ ਵਾਲੇ ਮੈਂਬਰ ਨਹੀ ਬਣ ਸਕਦੇ।

ਸ ) ਦਰਬਾਰ ਸਾਹਿਬ ਦੀ ਬੇ–ਅਦਬੀ ਕਰਨ ਕਾਰਣ ਕਿਸੇ ਵੀ ਬੇ–ਪੰਥਕ ਵਿਚਾਰਧਾਰਾ ਵਾਲੇ ਨੂੰ ਮੈਂਬਰ ਨਹੀ ਬਣਾਇਆ ਜਾਵੇਗਾ।

ਹ ) ਸੰਸਥਾ ਦੇ ਖਿਲਾਫ ਕੰਮ ਕਰਨ ਵਾਲੇ ਦੀ ਮੈਂਬਰਸ਼ਿਪ ਨੂੰ ਸੇਵਾਦਾਰ ਰੱਦ ਕਰ ਸਕਦੇ ਹਨ।

ਕ ) ਸ੍ਰੀ ਗੁਰੂ ਸਿੰਘ ਸਭਾ ਦੇ ਖਿਲਾਫ ਕਿਸੇ ਵੀ ਧਾਰਮਿਕ ਸੰਸਥਾ ਦਾ ਮੈਂਬਰ , ਸ੍ਰੀ ਗੁਰੂ ਸਿੰਘ ਸਭਾ ਦਾ ਮੈਂਬਰ ਨਹੀ ਬਣ ਸਕਦਾ।

ਖ ) ਪ੍ਰਬੰਧਕ ਸੇਵਾਦਾਰਾਂ ਨੂੰ ਪੂਰਨ ਅਧਿਕਾਰ ਹੋਵੇਗਾ ਕਿ ਉਹ ਕਿਸੇ ਖਾਸ ਕਾਰਨ ਕਰਕੇ ਕਿਸੇ ਨੂੰ ਮੈਂਬਰਸ਼ਿਪ ਦੇਣ ਤੋ ਨਾਂਹ ਕਰ ਸਕਦੇ ਹਨ।

ਗ ) ਅਗਰ ਕਿਸੇ ਮੈਂਬਰ ਦੇ ਖਿਲਾਫ਼ ਸ਼ਕਾਇਤ ਹੋਵੇ ਕਿ ਉਸ ਨੇ ਸੰਸਥਾ ਦੇ ਵਿਰੁਧ ਕੰਮ ਕੀਤਾ ਹੈ ਤੇ ਉਹ ਸਾਬਤ ਹੋ ਜਾਵੇ ਤਾਂ ਸੇਵਾਦਾਰ ਉਸ ਨੂੰ ਇਕ ਸਾਲ ਵਾਸਤੇ ਮੈਂਬਰਸ਼ਿਪ ਤੋ ਰਹਿਤ ਕਰ ਸਕਦੇ ਹਨ।

ਘ ) ਹਰ ਵਿੱਅਕਤੀ ਜਿਸ ਦੀ ਉਮਰ ੧੮ ਸਾਲ ਤੋ ਉਪਰ ਹੈ ਅਤੇ ਡੈਨਮਾਰਕ ਵਿਚ ਪੱਕੀ ਰਿਹਾਇਸ਼ ਮੰਜੂਰੀ ਰਖਦਾ ਹੈ ਮੈਂਬਰਸ਼ਿਪ ਫਾਰਮ ਭਰ ਸਕਦਾ ਹੈ।

ਙ ) ਮੈਂਬਰਸ਼ਿਪ ਹਮੇਸ਼ਾ ਖੁੱਲ੍ਹੀ ਰਹੇਗੀ।

ਚ ) ਮੈਂਬਰਸ਼ਿਪ ਫ਼ੀਸ ਸਮੇਂ ਸਮੇਂ ਤੇ ਪ੍ਰਬੰਧਕ ਸੇਵਾਦਾਰਾਂ ਵਲੋ ਨਿਯਤ ਕੀਤੀ ਜਾਵੇਗੀ। ਪ੍ਰਬੰਧਕ ਸੇਵਾਦਾਰ ਸਮੇਂ ਅਨੁਸਾਰ ਫ਼ੀਸ ਵਧਾ ਜਾ ਘਟਾ ਸਕਦੇ ਹਨ। ਜਿਹੜੇ ਸਿੱਖ ਸਥਾਈ ਤੌਰ ਤੇ ਡੈਨਮਾਰਕ ਵਿਚ ਰਹਾਇਸ਼ ਰਖਦੇ ਹਨ ਅਤੇ ਗੁਰਦੁਆਰਾ ਸਾਹਿਬ ਦੇ ਅਕਾਉਂਟ ਵਿਚ ਹਰ ਸਾਲ ਪੀ ਬੀ ਐਸ ਜਾਂ ਕੈਸ਼ ਬਾਰਾਂ ਸੌ ਕਰੋਂਨ ਪ੍ਰਤੀ ਪ੍ਰਵਾਰ ਜਮ੍ਹਾਂ ਕਰਾਉਦੇ ਹਨ ਗੁਰਦੁਆਰਾ ਸਾਹਿਬ ਦੇ ਮੈਂਬਰ ਹੋਣ ਦਾ ਹੱਕ ਰੱਖਣਗੇ।

## §੭ ਪ੍ਰਬੰਧਕ ਸੇਵਾਦਾਰਾਂ ਦੀਆਂ ਯੋਗਤਾਵਾਂ :–

ੳ ) ਕਾਰਜਕਰਨੀ ਦਾ ਸੇਵਾਦਾਰ ਉਹ ਹੀ ਬਣ ਸਕਦਾ ਹੈ ਜੋ ਪਿਛਲੇ ਇਕ ਸਾਲ ਤੋ ਮੈਂਬਰ ਰਹਿ ਚੁੱਕਾ ਹੋਵੇ ਤੇ ਸੇਵਾ ਕਰਦਾ ਹੋਵੇ ।

ਅ ) ਸੇਵਾਦਾਰ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ ਜੇ ਲੋੜੀਂਦੀ ਗਿਣਤੀ ਪੂਰੀ ਨਹੀ ਹੁੰਦੀ ਤਾ ਘਟ ਤੋਂ ਘਟ ਸਾਬਤ ਸੂਰਤ , ਨਸ਼ਿਆਂ ਤੋਂ ਰਹਿਤ ਅਤੇ ਸਿੰਘ ਨਾਂਮ ਵਾਲੇ ਜਰੂਰ ਹੋਣ ।

ੲ ) ਪੰਜਾਬੀ ਪੜ੍ਹਨੀ ਅਤੇ ਲਿਖਣੀ ਆਉਦੀ ਹੋਵੇ ।

ਸ ) ਨਸ਼ਿਆ ਦੀ ਵਰਤੋਂ ਨਾ ਕਰਦਾ ਹੋਵੇ ਅਤੇ ਨਿਤਨੇਮੀ ਹੋਵੇ ।

ਹ ) ਪਹਿਲੇ ਪ੍ਰਬੰਧਕ ਸੇਵਾਦਾਰ ਨਵੀਂ ਕਾਰਜਕਰਨੀ ਵਾਸਤੇ ਆਪਣੇ ਨਾਂਮ ੨ ਸਾਲ ਤੱਕ ਨਹੀ ਦੇ ਸਕਦੇ । ਪਰ ਜੇ ਨਵੇ ਸੇਵਾਦਾਰ ਨਹੀਂ ਅਉਂਦੇ ਜਾਂ ਲੋੜੀਦੀਂ ਗਿਣਤੀ ਪੂਰੀ ਨਹੀ ਹੁੰਦੀ ਤਾਂ ਪਹਿਲੇ ਸੇਵਾਦਾਰ ਆਪਣੇ ਨਾਂਮ ਦੇ ਸਕਦੇ ਹਨ ।

## §੮ ਸੇਵਾਦਾਰਾਂ ਦੀਆਂ ਜ਼ੁਮੇਵਾਰੀਆਂ :–

ਸਾਰੇ ਸੇਵਾਦਾਰ ਸਹਿਮਤ ਹੋ ਕੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਂਣਗੇ ।

ੳ ) ਸਟੇਜ਼ ਦੀ ਸੇਵਾ :– ਦੀਵਾਨ ਦਾ ਸਾਰਾ ਪ੍ਰਬੰਧ ਕਰਨਾ ।

ਅ ) ਖ਼ਜ਼ਾਨਚੀ ਦੀ ਸੇਵਾ :–ਆਮਦਨ ਅਤੇ ਖਰਚ ਦਾ ਵੇਰਵਾ ਤਿਆਰ ਕਰਨਾ । ਮਾਇਆ ਜਮਾਂ ਕਰਵਾਉਣੀ ਅਤੇ ਕਢਵਾਉਣੀ ।

ੲ ) ਲਾਇਬ੍ਰੇਰੀ ਦੀ ਸੇਵਾ :– ਕਿਤਾਬਾਂ ਦਾ ਹਿਸਾਬ–ਕਿਤਾਬ ਅਤੇ ਸੰਭਾਲ ਰੱਖਣੀ ।

ਸ ) ਲੰਗਰ ਦੀ ਸੇਵਾ :– ਦੀਵਾਨਾਂ ਅਤੇ ਗੁਰਪੁਰਬਾਂ ਵਾਸਤੇ ਲੰਗਰ ਦਾ ਪ੍ਰਬੰਧ ਕਰਨਾ । ਬਰਤਨਾਂ ਅਤੇ ਹੋਰ ਸਮਾਨ ਦਾ ਹਿਸਾਬ ਰੱਖਣਾ ।

ਹ ) ਇਨਫਰਮੇਸ਼ਨ ਦੀ ਸੇਵਾ :–ਸਿੱਖ ਧਰਮ ਦੀ ਹਰ ਤਰ੍ਹਾਂ ਦੀ ਸੂਚਨਾ ਇੱਕਤਰ ਕਰਕੇ ਸੰਗਤ ਤੱਕ ਪਹੁੰਚਾਂਣੀ , ਸੇਵਾਦਾਰਾਂ ਅਤੇ ਮੈਂਬਰਾਂ ਦੀ ਮੀਟਿੰਗ ਬਲਾਉਣਾ ।

ਕ ) ਇਮਾਰਤ ਦੀ ਦੇਖ ਭਾਲ :– ਇਮਾਰਤ ਦੀ ਹਰ ਤਰ੍ਹਾਂ ਦੀ ਰੀਪੇਅਰ ਦਾ ਪ੍ਰਬੰਧ ਕਰਨਾ ।

ਖ ) ਗ੍ਰੰਥੀ ਸਿੰਘ :– ਗੁਰਦੁਆਰਾ ਸਾਹਿਬ ਵਿਖੇ ਅਤੇ ਬਾਹਰ ਘਰਾਂ ਵਿਚ ਧਾਰਮਿਕ ਅਤੇ ਸਮਾਜਿਕ ਰਸਮਾਂ ਨੂੰ ਨਿਭਾਉਂਣ ਵਾਸਤੇ ਯੋਗ ਗ੍ਰੰਥੀ ਸਿੰਘ ਦੀ ਨਿਯੁਕਤੀ ਕਰਨਾ । ਗ੍ਰੰਥੀ ਸਿੰਘ ਦੀ ਰਿਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੀ ਕਾਰਜਕਰਨੀ ਕਰੇਗੀ ।

ਗ੍ਰੰਥੀ ਸਿੰਘ ਦੀਆਂ ਯੋਗਤਾਵਾਂ :–

੧ ) ਕਥਾ ਕੀਰਤਨ ਕਰ ਸਕਦਾ ਹੋਵੇ ਤੇ ਬੱਚਿਆਂ ਨੂੰ ਸਿਖਾ ਸਕਦਾ ਹੋਵੇ ।

੨ ) ਪੰਜਾਬੀ ਪੜ੍ਹਾ ਸਕਦਾ ਹੋਵੇ ।

੩ ) ਜੇਕਰ ਹੋ ਸਕੇ ਤਾਂ ਅੰਗਰੇਜ਼ੀ ਭਾਸ਼ਾ ਜਾਂਣਦਾ ਹੋਵੇ ।

ਗ੍ਰੰਥੀ ਸਿੰਘ ਦੀਆਂ ਜਿੰਮੇਵਾਰੀਆਂ :–

੧ ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੇਵਾ ਸੰਭਾਲ ਕਰਨਾ ।

੨ ) ਦੇਗ ਤਿਆਰ ਕਰਨੀ ਅਤੇ ਵਰਤਾਉਣੀ ।

੩ ) ਗੁਰਦੁਆਰਾ ਸਾਹਿਬ ਅਤੇ ਬਾਹਰ ਧਾਰਮਿਕ ਰਸਮਾਂ ਅਦਾ ਕਰਨ ਦੀ ਜਿੰਮੇਵਾਰੀ ।

੪ ) ਬੱਚਿਆਂ ਨੂੰ ਪੰਜਾਬੀ ਪੜ੍ਹਾਉਂਣਾ,ਕੀਰਤਨ ਸਿਖਾਉਂਣਾ ਅਤੇ ਸਿੱਖ ਧਰਮ ਵਾਰੇ ਜਾਣਕਾਰੀ ਦੇਣਾ ।

੫ ) ਆਮ ਦਿਨਾਂ ਵਿਚ ਆਏ ਗਏ ਦੀ ਸੇਵਾ ਦਾ ਖਿਆਲ ਰੱਖਣਾ ।

## §੯ ਕਾਰਜਕਰਨੀ ਦੀ ਬਣਤਰ :–

ੳ ) ਨਿਯੁਕਤੀ ਸਭਾ ਦੀ ਚੋਂਣ :– ਪ੍ਰਬੰਧਕ ਸੇਵਾਦਾਰਾਂ ਦੀ ਚੋਣ ਵਾਸਤੇ ੩ ਮੈਂਬਰਾਂ ਦੀ ਇਕ ਨਿਯੁਕਤੀ ਸਭਾ ਬਣਾਈ ਜਾਵੇਗੀ । ਇਸ ਦੀ ਚੋਂਣ ਵਿਸਾਖੀ ਵਾਲੇ ਦੀਵਾਨ ਤੋ ਪਹਿਲਾਂ ਮਾਰਚ ਦੇ ਮਹੀਨੇ ਵਿਚ ਕਾਇਮ ਕੀਤੀ ਜਾਵੇਗੀ । ਜੋ ਮੈਂਬਰ ਨਿਯੁਕਤੀ ਸਭਾ ਵਾਸਤੇ ਸੇਵਾ ਕਰਨੀ ਚਾਹੁੰਦੇ ਹੋਣ ਉਹ ਇਸ ਮਾਰਚ ਦੇ ਦੀਵਾਨ ਤੱਕ ਆਪਣੇ ਨਾਂਮ ਪ੍ਰਬੰਧਕ ਸੇਵਾਦਾਰਾਂ ਨੂੰ ਦੇ ਦੇਣ । ਅਗਰ ਕੋਈ ਵੀ ਨਾਂਮ ਪੇਸ਼ ਨਹੀ ਆਉਂਦਾ ਤਾਂ ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਮੈਂਬਰਾਂ ਵਿਚੋਂ ਨਾਂਮ ਪੇਸ਼ ਕਰ ਸਕਦੇ ਹਨ ।

ਅਗਰ ਸੇਵਾਦਾਰਾਂ ਵਲੋਂ ਜਾਂ ਮੈਂਬਰਾਂ ਵਲੋਂ ੩ ਤੋ ਵੱਧ ਨਾਂਮ ਆ ਜਾਦੇ ਹਨ ਤਾਂ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਸਰਬ ਸੰਮਤੀ ਨਾਲ ਜਾਂ ਪਰਚੀਆਂ ਪਾ ਕੇ ੩ ਮੈਂਬਰਾਂ ਦੇ ਨਾਂਮ ਕੱਢੇ ਜਾਂਣਗੇ । ਨਿਯੁਕਤੀ ਸਭਾ ਦੇ ਮੈਂਬਰ ਸਾਬਤ ਸੂਰਤ ਹੋਣੇ ਚਾਹੀਦੇ ਹਨ । ਕਾਰਜਕਰਨੀ ਦੀ ਚੋਂਣ ਹੋਣ ਤੋ ਬਾਅਦ ਨਿਯੁਕਤੀ ਸਭਾ ਆਪਣੀ ਸੇਵਾ ਤੋਂ ਮੁਕਤ ਹੋ ਜਾਵੇਗੀ ।

ਅ ) ਕਾਰਜਕਰਨੀ ਦੀ ਚੋਣ :–ਜੋ ਮੈਂਬਰ ਪ੍ਰਬੰਧਕ ਸੇਵਾਦਾਰ ਦੇ ਤੌਰ ਤੇ ਸੇਵਾ ਕਰਨੀ ਚਾਹੁੰਦੇ ਹੋਣ ਉਹ ਆਪਣੇ ਨਾਂਮ ਨਿਯੁਕਤੀ ਸਭਾ ਨੂੰ ਦੇ ਦੇਣ । ਨਿਯੁਕਤੀ ਸਭਾ ਇਨ੍ਹਾਂ ਤੇ ਵਿਚਾਰ ਕਰੇਗੀ । ਕਿਸੇ ਤੇ ਕੋਈ ਇਤਰਾਜ਼ ਆਉਂਦਾ ਹੈ ਤਾਂ ਇਮਾਨਦਾਰੀ ਨਾਲ ਅਤੇ ਨਿਰਪੱਖਤਾ ਨਾਲ ਵਿਚਾਰ ਹੋਣ ਤੋ ਬਾਅਦ ਉਹ ਨਾਂਮ ਲਿਸਟ ਵਿਚੋ ਕੱਢ ਦਿਤਾ ਜਾਵੇਗਾ । ਬਾਕੀ ਸਾਰੇ ਨਾਂਮ ਗੁਰੂ ਸਾਹਿਬ ਜੀ ਦੀ ਹਜੂਰੀ ਵਿਚ ਅਰਦਾਸ ਕਰਨ ਤੋਂ ਬਾਅਦ ਸੰਗਤ ਵਿਚ ਸੁਣਾਏ ਜਾਂਣਗੇ ਤੇ ਉਨ੍ਹਾਂ ਨਾਮਾਂ ਦੀਆਂ ਪਰਚੀਆਂ ਪਾਈਆ ਜਾਣਗੀਆਂ ਜਾਂ ਨਿਯੁਕਤੀ ਸਭਾ ਸਰਬ ਸੰਮਤੀ ਨਾਲ ੫ ਸੇਵਾਦਾਰਾਂ ਨੂੰ ਅਗਲੇ ੨ ਸਾਲ ਵਾਸਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਵਾਸਤੇ ਨਿਯੁਕਤ ਕਰਨਗੇ ।

੧ ) ਵਿਸਾਖੀ ਦੇ ਦੀਵਾਨ ਵਿਚ ਨਵੇਂ ਸੇਵਾਦਾਰਾਂ ਦੀ ਨਿਯੁਕਤੀ ਹੋ ਜਾਵੇਗੀ । ਤੇ ਇਕ ਮਹੀਨੇ ਦੇ ਅੰਦਰ ਅੰਦਰ ਨਵੀ ਕਾਰਜਕਰਨੀ ਪੂਰੇ ਪ੍ਰਬੰਧ ਦਾ ਚਾਰਜ ਸਾਰੇ ਕਾਗਜ਼ਾ ਸਮੇਤ ਸੰਭਾਲ ਲਵੇਗੀ ।

੨ ) ਅਗਰ ਕੋਈ ਪ੍ਰਬੰਧਕ ਸੇਵਾਦਾਰ ਪੱਕੇ ਤੌਰ ਤੇ ਬਾਹਰ ਚਲੇ ਜਾਦਾ ਹੈ ਜਾਂ

ਲੰਮੇ ਸਮੇਂ ਲਈ ਬੀਮਾਰ ਹੋ ਜਾਂਦਾ ਹੈ ਜਾਂ ਅਸਤੀਫ਼ਾ ਦੇ ਜਾਂਦਾ ਹੈ। ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਯੋਗ ਮੈਂਬਰ ਨੂੰ ਇਸ ਸੇਵਾ ਵਾਸਤੇ ਨਿਯੁਕਤ ਕਰ ਸਕਦੇ ਹਨ। ਅਗਰ ਕੋਈ ਸਮੱਸਿਆ ਆ ਜਾਦੀ ਹੈ ਤਾਂ ਦੀਵਾਨ ਸਮੇਂ ਅਰਦਾਸ ਕਰਕੇ ਪਰਚੀਆਂ ਪਾ ਕੇ ਸੇਵਾਦਾਰ ਨਿਯੁਕਤ ਕੀਤਾ ਜਾ ਸਕਦਾ ਹੈ।

੩ ) ਅਗਰ ਕੋਈ ਸੇਵਾਦਾਰ ਬਗੈਰ ਕਿਸੇ ਕਾਰਨ ਦੱਸੇ ਲਗਾਤਾਰ ਤਿੰਨ ਮੀਟਿੰਗਾਂ ਵਿਚ ਹਾਜ਼ਰ ਨਹੀਂ ਹੁੰਦਾ , ਉਸ ਦੀ ਸੇਵਾ ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਮੁਕਤ ਕਰ ਸਕਦੇ ਹਨ।

੪ ) ਅਗਰ ਕੋਈ ਸੇਵਾਦਾਰ ਗੁਰਦੁਆਰਾ ਸਾਹਿਬ ਵਿਚ ਕਿਸੇ ਕਿਸਮ ਦਾ ਵਿਘਨ ਪਾਉਂਦਾਂ ਹੈ ਪ੍ਰਬੰਧਕ ਸੇਵਾਦਾਰ ਉਸ ਦੀ ਮੈਂਬਰਸ਼ਿਪ ਰੱਦ ਕਰ ਸਕਦੇ ਹਨ। ਮੈਂਬਰਸ਼ਿਪ ਰੱਦ ਕਰਨ ਤੋ ਪਹਿਲਾਂ ਕਾਰਨ ਦੱਸੋ ਲਿਖਤੀ ਨੋਟਸ ਦਿਤਾ ਜਾਵੇਗਾ। ਜਵਾਬ ਨਾਂਹ ਆਉਣ ਤੇ ਜਾਂ ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਇਕ ਮਹੀਨੇ ਬਾਅਦ ਉਸ ਦੀ ਮੈਂਬਰਸ਼ਿਪ ਇਕ ਸਾਲ ਵਾਸਤੇ ਰੱਦ ਕਰ ਸਕਦੇ ਹਨ।

## §੧੦ ਆਮ ਇੱਕਤਰਤਾ :–

ਸਾਰੇ ਮੈਂਬਰਾਂ ਦੀ ਇਕ ਸਾਲ ਵਿਚ ੨ ਵਾਰ ਇਕੱਤਰਤਾ ਹੋਇਆ ਕਰੇਗੀ। ਇਸ ਮੀਟਿੰਗ ਵਿਚ ਪਿਛਲੇ ੬ ਮਹੀਨਿਆਂ ਦਾ ਵੇਰਵਾ ਦੱਸਿਆ ਜਾਵੇਗਾ ਅਤੇ ਸੂਝਾ ਲਿਖਤੀ ਲਏ ਜਾਣਗੇ ਤੇ ਵਿਚਾਰ ਕੀਤੀ ਜਾਵੇਗੀ। ਵਿਚਾਰ ਕੀਤੇ ਹੋਏ ਸੂਝਾ ਤੇ ਬਾਕੀ ਸੂਝਾਵਾਂ ਨੂੰ ਆਪਣੀ ਮੀਟਿੰਗ ਵਿਚ ਸਰਬ ਸੰਮਤੀ ਨਾਲ ਪਾਸ ਕਰਨਗੇ ਅਤੇ ਫ਼ੈਸਲਾ ਅਗਲੇ ਦੀਵਾਨ ਤੇ ਸੁਣਾਇਆ ਜਾਵੇਗਾ।

## §੧੧ ਖਾਸ ਇੱਕਰਤਾ :–

ਅਗਰ ਪ੍ਰਬੰਧਕ ਸੇਵਾਦਾਰ ਬਹੁਤ ਜਰੂਰੀ ਸਮਝੇ ਤਾਂ ਸਾਰੇ ਮੈਂਬਰਾਂ ਦੀ ਖਾਸ ਮੀਟਿੰਗ ਬੁਲਾ ਸਕਦੇ ਹਨ।

## §੧੨ ਸਮੱਸਿਆ :–

ੳ ) ਅਗਰ ਪ੍ਰਬੰਧ ਬਾਰੇ ਕੋਈ ਵੱਡੀ ਸਮੱਸਿਆ ਆਂ ਜਾਂਦੀ ਹੈ ਤਾਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਪੰਜ ਮੈਂਬਰ ਸਿੰਘ ਪਿਆਰਿਆਂ ਦੇ ਰੂਪ ਵਿਚ ਨਿਯੁਕਤ ਕਰਕੇ ਮਾਮਲੇ ਦੀ ਘੋਖ ਕਰਕੇ ਆਪਣਾ ਫੈਸਲਾ ਨਿਰਪੱਖਤਾ ਨਾਲ ਦੇਣਗੇ।

ਅ ) ਅਗਰ ਪ੍ਰਬੰਧਕ ਸੇਵਾਦਾਰਾਂ ਨੂੰ ਪ੍ਰਬੰਧ ਕਰਨ ਸਮੇਂ ਕੋਈ ਸਮੱਸਿਆ ਆਉਂਦੀ ਹੈ ਅਤੇ ਉਨ੍ਹਾਂ ਨੂੰ ਚਾਰਜ਼ ਦੇਣਾ ਪੈਂਦਾ ਹੈ ਤਾਂ ਉਹ ਮੈਂਬਰਾਂ ਦੀ ਮੀਟਿੰਗ ਬੁਲਾ ਕੇ ਸਾਰੀ ਹਾਲਤ ਦੱਸ

ਕੇ ਨਵੀਂ ਨਿਯੁਕਤੀ ਸਭਾ ਬਣਾ ਕੇ ਕਾਰਜਕਰਨੀ ਦੀ ਨਿਯੁਕਤੀ ਕਰਾ ਸਕਦੇ ਹਨ।

## §੧੩ ਸੰਸਥਾ ਦੀ ਭੰਗਤਾ :–

ਅਗਰ ਸੰਸਥਾ ਭੰਗ ਕਰਨੀ ਪੈ ਜਾਂਦੀ ਹੈ ਤਾਂ ਸੰਸਥਾ ਦਾ ਸਾਰਾ ਸਾਮਾਨ ਅਤੇ ਮਾਇਆ ਹੇਠ ਲਿਖੇ ਕੰਮਾਂ ਵਾਸਤੇ ਵਰਤੀ ਜਾਵੇਗੀ।

ੳ ) ਸਿਖ ਧਰਮ ਦੇ ਪ੍ਰਚਾਰ ਹਿੱਤ ਲਿਟਰੇਚਰ ਤਿਆਰ ਕਰਕੇ ਵੰਡਿਆ ਜਾਵੇ।

ਅ ) ਮਨੁੱਖਤਾ ਦੀ ਭਲਾਈ ਵਾਸਤੇ ਮਾਇਆ ਵਰਤੀ ਜਾ ਸਕਦੀ ਹੈ।

ੲ ) ਲੋੜਵੰਦਾਂ ਦੀ ਸਹਾਇਤਾ ਰੈਡ ਕਰਾਸ ਜਾਂ ਹੋਰ ਭਲਾਈ ਕਰਨ ਵਾਲੀ ਸੰਸਥਾ ਰਾਂਹੀ ਕੀਤੀ ਜਾਵੇਗੀ। ਇਹ ਮੈਂਬਰਾਂ ਦੀ ਖਾਸ ਮੀਟਿੰਗ ਬੁਲਾਈ ਜਾਵੇਗੀ ਤੇ ਉਸ ਵਿਚ ਸੰਸਥਾ ਭੰਗ ਕਰਨ ਦਾ ਫੈਸਲਾ ਕੀਤਾ ਜਾਵੇਗਾ ਅਤੇ ਹੋਰ ਲੋੜੀਦੇ ਪ੍ਰਬੰਧ ਕੀਤੇ ਜਾਣਗੇ।

## §੧੪ ਆਮ :–

ਸੰਸਥਾ ਦੇ ਸਾਰੇ ਕੰਮ ਗੁਰ ਮਰਿਆਦਾ ਅਨੁਸਾਰ ਕੀਤੇ ਜਾਣਗੇ ਅਤੇ ਸ਼੍ਰੋ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਹ ਲਈ ਜਾਵੇਗੀ।